# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 05-07-2024**

- ਭਾਰਤ ਨੇ 2023- 24 ਵਿੱਚ ਰੱਖਿਆ ਉਤਪਾਦਨ ਦੇ ਮੁੱਲ ਵਿੱਚ, ਹੁਣ ਤੱਕ ਦਾ ਸਭ ਤੋਂ ਵੱਧ ਵਾਧਾ ਦਰਜ ਕੀਤਾ, ਉਤਪਾਦਨ ਦਾ ਮੁੱਲ ਕਰੀਬ, ਇੱਕ ਲੱਖ 27 ਹਜ਼ਾਰ ਕਰੋੜ ਰੁਪਏ ਤੱਕ ਪਹੁੰਚਿਆ।
- ਨੀਟ-PG ਦੀ ਪ੍ਰੀਖਿਆ ਹੁਣ 11 ਅਗਸਤ ਨੂੰ, ਦੋ ਸ਼ਿਫਟਾਂ ਵਿੱਚ ਕਰਵਾਈ ਜਾਵੇਗੀ।
- ਨੀਤੀ ਆਯੋਗ ਵੱਲੋਂ ਚਲਾਏ ਜਾ ਰਹੇ ਸੰਪੂਰਨਤਾ ਅਭਿਆਨ ਤਹਿਤ, ਗੁਰਦਾਸਪੁਰ ਜ਼ਿਲੇ ਦੇ ਕਲਾਨੌਰ ਅਤੇ ਜਲੰਧਰ ਜ਼ਿਲੇ ਦੇ ਸ਼ਾਹਕੋਟ ਵਿਖੇ ਅੱਜ ਸਮਾਗਮ ਕੀਤੇ ਗਏ।

---------------------------------------------------------

ਭਾਰਤ ਨੇ 2023- 24 ਵਿੱਚ ਰੱਖਿਆ ਉਤਪਾਦਨ ਦੇ ਮੁੱਲ ਵਿੱਚ ਹੁਣ

ਤੱਕ ਦਾ ਸਭ ਤੋਂ ਵੱਧ ਵਾਧਾ ਦਰਜ ਕੀਤਾ ਏ । 2023-24 ਵਿੱਚ ਉਤਪਾਦਨ ਦਾ ਮੁੱਲ ਕਰੀਬ, ਇੱਕ ਲੱਖ 27 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਗਿਆ ਏ, ਜਿਹੜਾ ਪਿਛਲੇ ਵਿੱਤੀ ਸਾਲ ਦੇ ਉਤਪਾਦਨ ਦੇ ਮੁੱਲ ਨਾਲੋਂ, 16.8 ਫ਼ੀਸਦ ਵੱਧ ਏ । ਅੱਜ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਇਹ ਜਾਣਕਾਰੀ ਸਾਂਝੀ ਕਰਦੇ ਹੋਏ, ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ, 'ਮੇਕ ਇਨ ਇੰਡੀਆ' ਪ੍ਰੋਗਰਾਮ ਸਾਲ ਦਰ ਸਾਲ, ਨਵੇਂ ਮੀਲ ਪੱਥਰ ਨੂੰ ਪਾਰ ਕਰ ਰਿਹਾ ਏ । ਰਾਜਨਾਥ ਸਿੰਘ ਨੇ ਰੱਖਿਆ ਜਨਤਕ ਖੇਤਰ ਇਕਾਈਆਂ, ਰੱਖਿਆ ਵਸਤੂਆਂ ਦਾ ਨਿਰਮਾਣ ਕਰਨ ਵਾਲੀਆਂ ਹੋਰ ਜਨਤਕ ਖੇਤਰ ਦੀਆਂ ਇਕਾਈਆਂ ਅਤੇ ਨਿਜੀ ਉਦਯੋਗ ਸਮੇਤ ਹੋਰਨਾਂ ਉਦਯੋਗਾਂ ਨੂੰ ਵਧਾਈ ਦਿੱਤੀ ਏ ।

---------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ, ਇਸ ਪ੍ਰਾਪਤੀ ਲਈ ਦੇਸ਼ ਦੀ ਸ਼ਲਾਘਾ ਕੀਤੀ ਏ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਰਕਾਰ, ਸਮਰੱਥਾਵਾਂ ਨੂੰ ਹੋਰ ਵਧਾਉਣ ਅਤੇ ਦੇਸ਼ ਨੂੰ ਇੱਕ

ਪ੍ਰਮੁੱਖ ਆਲਮੀ ਰੱਖਿਆ ਨਿਰਮਾਣ ਕੇਂਦਰ ਵਜੋਂ ਸਥਾਪਤ ਕਰਨ ਲਈ, ਇੱਕ ਸਹਾਇਕ ਵਾਤਾਵਰਣ ਨੂੰ ਪਾਲਣ ਲਈ ਪੂਰੀ ਤਰ੍ਹਾਂ ਵਚਨਬੱਧ ਏ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ, ਦੇਸ਼ ਦੇ ਸੁਰੱਖਿਆ ਉਪਕਰਨ ਨੂੰ ਵਧਾਏਗਾ ਅਤੇ ਭਾਰਤ ਨੂੰ ਆਤਮ-ਨਿਰਭਰ ਬਣਾਏਗਾ।

-----------------------------------------------

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ, ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਬਾਬਤ ਅੱਜ ਜਲੰਧਰ ਦੇ ਡਿਪਟੀ ਕਮਿਸ਼ਨਰ, ਪੁਲਿਸ ਕਮਿਸ਼ਨਰ ਅਤੇ ਐਸ. ਐਸ. ਪੀ. ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਇਕ ਮੀਟਿੰਗ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਵੋਟਿੰਗ ਲਈ ਜ਼ਰੂਰੀ ਪ੍ਰਬੰਧ ਪੂਰੀ ਤਰ੍ਹਾਂ ਮੁਕੰਮਲ ਕਰਨ ਦੇ ਹੁਕਮ ਦਿੱਤੇ, ਤਾਂ ਜੋ ਆਜ਼ਾਦ, ਨਿਰਪੱਖ ਅਤੇ ਸ਼ਾਂਤਮਈ ਤਰੀਕੇ ਨਾਲ ਚੋਣ ਨੂੰ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਡਿਪਟੀ ਕਮਿਸ਼ਨਰ ਨੂੰ ਪੋਲਿੰਗ ਸਟੇਸ਼ਨਾਂ 'ਤੇ ਵਾਟਰ ਕੂਲਰ, ਪੱਖੇ, ਬੈਠਣ ਲਈ ਢੁਕਵੀਂ ਥਾਂ, ਪਖਾਨਿਆਂ ਅਤੇ ਸ਼ੈੱਡਾਂ ਦਾ ਪ੍ਰਬੰਧ ਕਰਨ ਲਈ ਕਿਹਾ, ਤਾਂ ਜੋ ਵੋਟਰਾਂ ਨੂੰ ਕੋਈ ਦਿੱਕਤ ਦਰਪੇਸ਼ ਨਾ ਆਵੇ। ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ

ਅਧਿਕਾਰੀਆਂ ਨੂੰ ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਲਈ ਵੱਖਰੀਆਂ ਕਤਾਰਾਂ ਅਤੇ ਦਿਵੀਆਂਗ  ਵੋਟਰਾਂ ਲਈ ਹਰੇਕ ਪੋਲਿੰਗ ਸਟੇਸ਼ਨ 'ਤੇ ਰੈਂਪ 'ਤੇ ਵੀਲਚੇਅਰ ਦੀ ਉਪਲੱਬਧਤਾ ਯਕੀਨੀ ਬਣਾਉਣ ਲਈ ਕਿਹਾ। ਇਸ ਤੋਂ ਇਲਾਵਾ ਉਨ੍ਹਾਂ ਰੀਅਲ-ਟਾਈਮ ਮਾਨੀਟਰਿੰਗ ਲਈ ਪੋਲਿੰਗ ਸਟੇਸ਼ਨਾਂ ਦੀ, 100 ਫੀਸਦ ਲਾਈਵ ਵੈਬਕਾਸਟਿੰਗ ਯਕੀਨੀ ਬਣਾਉਣ ਦੇ ਹੁਕਮ ਦਿੱਤੇ। ਮੁੱਖ ਚੋਣ ਅਧਿਕਾਰੀ ਨੇ ਪੁਲਿਸ ਕਮਿਸ਼ਨਰ ਅਤੇ ਐੱਸ.ਐਸ.ਪੀ ਨੂੰ ਚੋਣਾਂ ਤੋਂ ਪਹਿਲਾਂ ਦੇ 48 ਘੰਟਿਆਂ ਦੌਰਾਨ ਨਿਗਰਾਨੀ ਹੋਰ ਵਧਾਉਣ, ਨਾਕਿਆਂ ਉੱਤੇ ਸਖਤੀ ਕਰਨ ਅਤੇ ਸੀ.ਸੀ.ਟੀ.ਵੀ ਰਾਹੀਂ 24 ਘੰਟੇ ਨਿਗਰਾਨੀ ਰੱਖਣ ਦੇ ਨਿਰਦੇਸ਼ ਦਿੱਤੇ ਤਾਂ ਜੋ ਡਰੱਗ, ਸ਼ਰਾਬ, ਨਕਦੀ ਅਤੇ ਹੋਰ ਸਮਾਨ ਦੀ ਗੈਰ-ਕਾਨੂੰਨੀ ਤਸਕਰੀ ਉੱਤੇ ਰੋਕ ਲਾਈ ਜਾ ਸਕੇ।

--------------------------------------------------

ਕੌਮੀ ਦਾਖਲਾ ਤੇ ਯੋਗਤਾ ਪ੍ਰੀਖਿਆ - ਪੋਸਟ ਗ੍ਰੈਜੂਏਟ ਨੀਟ-PG 2024 ਲਈ ਅੱਜ ਨਵੀਂ ਪ੍ਰੀਖਿਆ ਤਰੀਕ ਦਾ ਐਲਾਨ ਕੀਤਾ ਗਿਆ ਏ। ਇਸ ਮੁਤਾਬਕ ਹੁਣ ਨੀਟ-ਪੀ ਜੀ ਦੀ ਪ੍ਰੀਖਿਆ 11 ਅਗਸਤ ਨੂੰ ਦੋ

ਸ਼ਿਫਟਾਂ ਵਿੱਚ ਕਰਵਾਈ ਜਾਵੇਗੀ। ਮੈਡੀਕਲ ਸਾਇੰਸਜ਼ ਪ੍ਰੀਖਿਆਵਾਂ ਬਾਰੇ ਕੌਮੀ ਬੋਰਡ ਨੇ ਅੱਜ ਨੀਟ- ਪੀ ਜੀ 2024 ਦੇ ਆਯੋਜਨ ਲਈ, ਸੋਧੇ ਪ੍ਰੋਗਰਾਮ ਦਾ ਐਲਾਨ ਕੀਤਾ। ਸੰਸਥਾ ਦੇ 22 ਜੂਨ ਦੇ ਨੋਟਿਸ ਦੇ ਅਨੁਸਾਰ, ਨੀਟ-ਪੀ ਜੀ ਪ੍ਰੀਖਿਆ ਦੇ ਆਯੋਜਨ ਨੂੰ ਮੁੜ ਰੱਖਿਆ ਗਿਆ ਏ। ਜ਼ਿਕਰਯੋਗ ਏ ਕਿ ਮੈਡੀਕਲ ਪ੍ਰਵੇਸ਼ ਪ੍ਰੀਖਿਆ ਨੀਟ-ਯੂ ਜੀ ਵਿੱਚ ਕਥਿਤ ਬੇਨਿਯਮੀਆਂ ਬਾਰੇ ਵਿਵਾਦ ਦੇ ਵਿਚਕਾਰ ਕੇਂਦਰ ਨੇ, ਨਿਯਤ ਤਰੀਕ ਤੋਂ ਠੀਕ ਇੱਕ ਦਿਨ ਪਹਿਲਾਂ, ਭਾਵ 23 ਜੂਨ ਨੂੰ ਨੀਟੀ-ਪੀ ਜੀ ਦੀ ਪ੍ਰੀਖਿਆ ਨੂੰ ਵੀ ਮੁਲਤਵੀ ਕਰ ਦਿੱਤਾ ਸੀ।

---

ਨੀਤੀ ਆਯੋਗ ਵੱਲੋਂ ਚਲਾਏ ਜਾ ਰਹੇ 'ਸੰਪੂਰਨਤਾ ਅਭਿਆਨ' ਤਹਿਤ ਗੁਰਦਾਸਪੁਰ ਜ਼ਿਲੇ ਦੇ ਕਲਾਨੌਰ ਵਿਖੇ ਅੱਜ ਇਕ ਸਮਾਗਮ ਕੀਤਾ ਗਿਆ। ਕਲਾਨੌਰ ਦੇ ਐੱਸ.ਡੀ.ਐੱਮ. ਜਯੋਤਸਨਾ ਸਿੰਘ ਸਮੇਤ ਹੋਰ ਪਤਵੰਤੇ ਮੌਜੂਦ ਰਹੇ। ਖਾਸ ਤੌਰ ਤੇ ਸਿਹਤ, ਪੋਸ਼ਣ, ਖੇਤੀਬਾੜੀ ਅਤੇ ਸਮਾਜਿਕ ਤਰੱਕੀ ਨਾਲ ਸਬੰਧਤ ਅਹਿਮ ਕਾਰਜ ਪੂਰੇ ਕੀਤੇ ਜਾਣਗੇ।

ਵੇਰਵੇ ਨਾਲ ਇਹ ਰਿਪੋਰਟ : ਡਿਸਪੈਚ: ਆਸਵੰਦ ਜ਼ਿਲ੍ਹਾ ਅਤੇ ਬਲਾਕ ਪ੍ਰੋਗਰਾਮ ਤਹਿਤ ਵੱਖ-ਵੱਖ ਮਾਪਦੰਡਾਂ ਵਿੱਚ ਪਛੜ ਰਹੇ ਜ਼ਿਲ੍ਹਿਆਂ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਹੀ ਸੰਪੂਰਨਤਾ ਅਭਿਆਨ ਸ਼ੁਰੂ ਕੀਤਾ ਗਿਆ ਏ । ਜ਼ਿਲ੍ਹਾ ਗੁਰਦਾਸਪੁਰ ਦੇ ਕਲਾਨੌਰ ਬਲਾਕ ਵਿਚ ਹੋਏ ਉਦਘਾਟਨੀ ਸਮਾਗਮ ਵਿਚ ਵੱਡੀ ਗਿਣਤੀ ਵਿਚ ਲੋਕ ਮੌਜੂਦ ਰਹੇ । ਐੱਸ.ਡੀ.ਐੱਮ. ਜੋਤਸਿਨਾ ਸਿੰਘ ਨੇ ਕਿਹਾ ਕਿ ਕਲਾਨੌਰ ਬਲਾਕ ਵਿੱਚ ਸੰਪੂਰਨਤਾ ਅਭਿਆਨ ਦੇ ਟੀਚਿਆਂ ਨੂੰ ਪੂਰਾ ਕੀਤਾ ਜਾਵੇਗਾ । ਭਾਰਤ ਸਰਕਾਰ ਵਲੋਂ ਚਲਾਇਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਦੇ ਲਾਭਪਾਤਰੀਆਂ ਨੇ ਸਕੀਮਾਂ ਦੀ ਸ਼ਲਾਘਾ ਕੀਤੀ। ਸੰਪੂਰਨਤਾ ਅਭਿਆਨ ਤਹਿਤ ਸਕੂਲੀ ਵਿਦਿਆਰਥੀਆਂ ਨੇ ਸੰਪੂਰਨਤਾ ਯਾਤਰਾ ਕੱਢੀ ਅਤੇ ਰੰਗੋਲੀ ਤੇ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ । ਖੇਤੀਬਾੜੀ ਵਿਭਾਗ ਨੇ ਮਿੱਟੀ ਪਰਖ ਦੇ ਸੈਂਪਲ ਲਏ ਅਤੇ ਕਿਸਾਨਾਂ ਨੂੰ ਮਿੱਟੀ ਦੀ ਸਿਹਤ ਸੁਧਾਰ ਬਾਰੇ ਦੱਸਿਆ । ਸਵੈ ਸਹਾਇਤਾ ਸਮੂਹਾਂ ਵੱਲੋਂ ਤਿਆਰ ਸਮਾਨ ਦੀਆਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ

***। ਬਿਸ਼ੰਭਰ ਬਿੱਟੂ ਨਾਲ ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ ਜਲੰਧਰ***

---------------------------------------------------

ਇਸ ਦੌਰਾਨ ਜਲੰਧਰ ਜ਼ਿਲੇ ਦੇ ਸ਼ਾਹਕੋਟ ਵਿਖੇ ਵੀ, ਜ਼ਿਲ੍ਹਾ ਪ੍ਰਸ਼ਾਸਨ ਵਲੋਂ ਆਸਵੰਦ ਬਲਾਕ ਪ੍ਰੋਗਰਾਮ ਅਧੀਨ ਸੰਪੂਰਨਤਾ ਅਭਿਆਨ ਦੀ ਸ਼ੁਰੂਆਤ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਐਸ. ਡੀ. ਐਮ. ਰਿਸ਼ਭ ਬਾਂਸਲ ਅਤੇ ਸਿਖਲਾਈ ਅਧੀਨ ਆਈ.ਏ.ਐਸ. ਸੁਨੀਲ ਵਲੋਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਨੀਤੀ ਆਯੋਗ ਵਲੋਂ ਅਗਲੇ ਤਿੰਨ ਮਹੀਨਿਆਂ ਦੌਰਾਨ, 6 ਖਾਸ ਪੱਖਾਂ ਦੀ ਚੋਣ ਕੀਤੀ ਗਈ ਏ, ਜਿਸ ਵਿੱਚ ਜਨਮ ਤੋਂ ਪਹਿਲਾਂ ਦੀ ਦੇਖ ਭਾਲ, ਹਾਈਪਰ-ਟੈਂਸ਼ਨਲ ਸਕਰੀਨਿੰਗ, ਡਾਇਬਟੀਸ ਸਕਰੀਨਿੰਗ, ਗਰਭਵਤੀ ਮਹਿਲਾਵਾਂ ਲਈ ਪੌਸ਼ਟਿਕ ਭੋਜਨ , ਭੂਮੀ ਸਿਹਤ ਬੀਮਾ ਕਾਰਡ ਅਤੇ ਸਮਾਜਿਕ ਸੁਰੱਖਿਆ ਲਈ ਫੰਡ ਸ਼ਾਮਿਲ ਨੇ। ਅਧਿਕਾਰੀਆਂ ਅਨੁਸਾਰ ਇਨ੍ਹਾਂ ਖੇਤਰਾਂ ਵਿੱਚ ਬੇਹਤਰ ਸੁਧਾਰ ਲਈ ਵਿਆਪਕ ਜ਼ੋਰ ਦਿੱਤਾ ਜਾਵੇਗਾ। SDM ਰਿਸ਼ਭ ਬਾਂਸਲ ਨੇ ਦੱਸਿਆ। ਮਗਰੋਂ ਸੰਪੂਰਨਤਾ ਅਭਿਆਨ ਤਹਿਤ ਜਾਗਰੂਕਤਾ ਰੈਲੀ ਕੱਢੀ ਗਈ

ਅਤੇ ਸਭਿਆਚਾਰਕ ਗਤੀਵਿਧੀਆਂ ਤੇ ਪੈਨਲ ਵਿਚਾਰ - ਵਟਾਂਦਰਾ ਵੀ ਕੀਤਾ ਗਿਆ। ਇਸ ਮੌਕੇ ਆਸਵੰਦ ਬਲਾਕ ਫੈਲੋ, ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ ਤੇ ਨੀਤੀ ਆਯੋਗ ਤੋਂ ਨੁਮਾਇੰਦੇ ਵੀ ਮੌਜੂਦ ਰਹੇ ਅਤੇ ਇਸ ਨਿਵੇਕਲੀ ਪਹਿਲ ਨੂੰ ਭਰਵਾਂ ਸਮਰਥਨ ਦਿੱਤਾ ਗਿਆ।

---------------------------------------------------------------

ਸਰਦਾਰ ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ਼ ਬਾਇਓ-ਐਨਰਜੀ ਕਪੂਰਥਲਾ ਵਿਖੇ, ਐੱਨ ਟੀ ਪੀ ਸੀ ਦੇ ਅਧਿਕਾਰੀਆਂ ਲਈ ਦੋ ਦਿਨ ਦੀ "ਥਰਮਲ ਪਾਵਰ ਪਲਾਂਟ ਐਪਲੀਕੇਸ਼ਨਾਂ ਲਈ ਐਗਰੋ-ਬਾਇਓਮਾਸ ਸੈਂਪਲਿੰਗ ਅਤੇ ਗੁਣੀਕਰਨ ਤਕਨੀਕਾਂ 'ਤੇ ਵਿਸ਼ੇਸ਼ ਵਿਹਾਰਕ ਟ੍ਰੇਨਿੰਗ ਕਮ ਵਰਕਸ਼ਾਪ" ਦਾ ਆਯੋਜਨ ਕੀਤਾ ਗਿਆ। ਸੰਸਥਾ ਦੇ ਡਾਇਰੈਕਟਰ ਜਨਰਲ ਡਾ. ਜੀ. ਸ੍ਰੀਧਰ ਨੇ ਇਸ ਦਾ ਉਦਘਾਟਨ ਕੀਤਾ ਤੇ ਸਮਰਥ ਮਿਸ਼ਨ ਦੇ ਡਾਇਰੈਕਟਰ ਸਤੀਸ਼ ਉਪਾਧਿਆਏ ਮੁੱਖ ਮਹਿਮਾਨ ਅਤੇ ਐੱਨ ਟੀ ਪੀ ਸੀ ਦੇ ਜਨਰਲ ਮੈਨੇਜਰ ਵੀ ਚੰਦਰਸ਼ੇਖਰਨ ਇਸ ਦੇ ਵਿਸ਼ੇਸ਼ ਮਹਿਮਾਨ ਰਹੇ। ਡਾ. ਸ੍ਰੀਧਰ ਨੇ ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਭਰਪੂਰ ਉਪਲਬਧਤਾ ਕਾਰਨ ਭਾਰਤੀ

ਸੰਦਰਭ ਵਿੱਚ ਬਾਇਓਮਾਸ ਅਧਾਰਿਤ ਬਿਜਲੀ ਉਤਪਾਦਨ ਦੀ ਸਾਰਥਕਤਾ ਅਤੇ ਮਹੱਤਤਾ ਨੂੰ ਉਜਾਗਰ ਕੀਤਾ। ਉਨ੍ਹਾ ਬਾਇਓਮਾਸ ਅਧਾਰਿਤ ਬਿਜਲੀ ਉਤਪਾਦਨ ਗਤੀਵਿਧੀਆਂ ਅਤੇ ਬਾਇਓਮਾਸ ਕੋ-ਫਾਇਰਿੰਗ 'ਤੇ ਥਰਮਲ ਪਾਵਰ ਪਲਾਂਟਾਂ ਨੂੰ ਦਰਪੇਸ਼ ਚੁਣੌਤੀਆਂ ਦੇ ਜਰੂਰਤ - ਅਧਾਰਿਤ ਹੱਲਾਂ ਦਾ ਸਮਰਥਨ ਕਰਨ ਲਈ ਸੰਸਥਾ ਵੱਲੋਂ ਕੀਤੇ ਜਾ ਰਹੇ ਖੋਜ ਕਾਰਜਾਂ ਦੀ ਜਾਣਕਾਰੀ ਵੀ ਦਿੱਤੀ।

---------------------------------------------------

ਟੂ ਪੰਜਾਬ ਏਅਰ ਸਕੁਆਡਰਨ ਐਨ. ਸੀ. ਸੀ. ਅੰਮ੍ਰਿਤਸਰ ਵੱਲੋਂ, ਭਗਵਾਨ ਵਾਲਮੀਕਿ ਸਰਕਾਰੀ ITI ਕਾਲਜ ਰਾਮਤੀਰਥ ਵਿਖੇ, ਸਾਲਾਨਾ ਸਿਖਲਾਈ ਕੈਂਪ ਲਗਾਇਆ ਗਿਆ ਏ, ਜਿਹੜਾ 12 ਜੁਲਾਈ ਤੱਕ ਚਲੇਗਾ। ਕੈਪਟਨ ਮਨੋਜ ਕੁਮਾਰ ਵਤਸ ਦੀ ਅਗਵਾਈ ਹੇਠ, ਲਗਾਏ ਇਸ ਕੈਂਪ ਵਿੱਚ, ਵੱਖ- ਵੱਖ ਕਾਲਜਾਂ ਅਤੇ ਸਕੂਲਾਂ ਦੇ 400 ਤੋਂ ਵੱਧ ਐਨ. ਸੀ.ਸੀ. ਕੈਡਿਟ ਹਿੱਸਾ ਲੈ ਰਹੇ ਨੇ। ਕੈਂਪ ਦੌਰਾਨ ਕੈਡਿਟਾਂ ਨੂੰ 10 ਦਿਨਾਂ ਤੱਕ ਡਰਿੱਲ ਅਤੇ ਥਿਊਰੀ ਦੀ ਸਿਖਲਾਈ ਦਿੱਤੀ ਜਾਵੇਗੀ। ਕੈਡਿਟਾਂ ਨੂੰ ਅਟਾਰੀ ਸਰਹੱਦ ਅਤੇ ਆਰਮੀ

ਕੈਂਪਸ ਦਾ ਦੌਰਾ ਕਰਨ ਦਾ ਮੌਕਾ ਮਿਲੇਗਾ । ਕੈਡਿਟਾਂ ਨੂੰ ਸਕਿਟ ਸ਼ੂਟਿੰਗ, ਫਾਇਰਿੰਗ, ਰੁੱਖ ਲਗਾਉਣ ਅਤੇ ਦਵਾਈਆਂ ਜਿਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਅਤੇ ਵੱਖ-ਵੱਖ ਖੇਡਾਂ ਵਿੱਚ ਹਿੱਸਾ ਲੈਣ ਦਾ ਮੌਕਾ ਦਿੱਤਾ ਜਾਵੇਗਾ । ਇਹ ਸਾਰੀਆਂ ਗਤੀਵਿਧੀਆਂ ਕੈਡਿਟਾਂ ਦੀ ਸ਼ਖ਼ਸੀਅਤ ਵਿੱਚ ਨਿਖਾਰ ਲਿਆਉਣਗੀਆਂ ।

---------------------------------------------------

ਸੰਭਾਵਿਤ ਹੜ੍ਹਾਂ ਦੀ ਰੋਕਥਾਮ ਸਬੰਧੀ ਕੀਤੇ, ਅਗੇਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ, ਸ਼ਹੀਦ ਭਗਤ ਸਿੰਘ ਨਗਰ ਜ਼ਿਲੇ ਦੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ, ਅੱਜ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਨਾਲ ਨਵਾਂਸ਼ਹਿਰ ਵਿਖੇ, ਇੱਕ ਵਿਸ਼ੇਸ਼ ਮੀਟਿੰਗ ਕੀਤੀ । ਉਨਾਂ ਕਿਹਾ ਕਿ ਬਾਰਿਸ਼ ਦਾ ਮੌਸਮ ਸ਼ੁਰੂ ਹੋ ਰਿਹਾ ਏ ਅਤੇ ਜ਼ਿਲੇ ਦੇ ਕੁੱਝ ਖੇਤਰ ਦਰਿਆਵਾਂ ਦੇ ਕੰਢੇ ਤੇ ਸਥਿਤ ਹੋਣ ਕਰਕੇ, ਇਨ੍ਹਾਂ ਪਿੰਡਾਂ ਅੰਦਰ ਸੰਭਾਵਿਤ ਹੜ੍ਹਾਂ ਦੀ ਸੰਭਾਵਨਾ ਬਣੀ ਰਹਿੰਦੀ ਏ । ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਕਿਸੇ ਵੀ ਅਜਿਹੀ ਸਥਿਤੀ ਲਈ, ਪੂਰੀ ਤਰ੍ਹਾਂ ਨਾਲ ਨਜਿੱਠਣ ਵਾਸਤੇ ਤਿਆਰ ਰਹਿਣ ਦੀ ਹਦਾਇਤ ਕੀਤੀ । ਉਨ੍ਹਾਂ ਕਿਹਾ ਕਿ

ਸੰਭਾਵਿਤ ਹੜ੍ਹਾਂ ਨੂੰ ਲੈ ਕੇ, ਹਰੇਕ ਅਧਿਕਾਰੀ ਸੂਚੇਤ ਰਹੇਗਾ ਤਾਂ ਜੋ ਜ਼ਰੂਰਤ ਪੈਣ ਤੇ ਉਹ ਆਪਣੇ ਕਾਰਜ ਨੂੰ, ਪੂਰੀ ਇਮਾਨਦਾਰੀ ਅਤੇ ਜਿਮ੍ਹੇਵਾਰੀ ਨਾਲ ਪੂਰਾ ਕਰ ਸਕੇ।

---

## <u>ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ</u>

- ਭਾਰਤ ਨੇ 2023- 24 ਵਿੱਚ ਰੱਖਿਆ ਉਤਪਾਦਨ ਦੇ ਮੁੱਲ ਵਿੱਚ, ਹੁਣ ਤੱਕ ਦਾ ਸਭ ਤੋਂ ਵੱਧ ਵਾਧਾ ਦਰਜ ਕੀਤਾ, ਉਤਪਾਦਨ ਦਾ ਮੁੱਲ ਕਰੀਬ, ਇੱਕ ਲੱਖ 27 ਹਜ਼ਾਰ ਕਰੋੜ ਰੁਪਏ ਤੱਕ ਪਹੁੰਚਿਆ।
- ਨੀਟ-PG ਦੀ ਪ੍ਰੀਖਿਆ ਹੁਣ 11 ਅਗਸਤ ਨੂੰ, ਦੋ ਸ਼ਿਫਟਾਂ ਵਿੱਚ ਕਰਵਾਈ ਜਾਵੇਗੀ।
- ਨੀਤੀ ਆਯੋਗ ਵੱਲੋਂ ਚਲਾਏ ਜਾ ਰਹੇ ਸੰਪੂਰਨਤਾ ਅਭਿਆਨ ਤਹਿਤ, ਗੁਰਦਾਸਪੁਰ ਜ਼ਿਲੇ ਦੇ ਕਲਾਨੌਰ ਅਤੇ ਜਲੰਧਰ ਜ਼ਿਲੇ ਦੇ ਸ਼ਾਹਕੋਟ ਵਿਖੇ ਅੱਜ ਸਮਾਗਮ ਕੀਤੇ ਗਏ।